a2zpapers.com

Exam. Code : 107402
Subject Code : 2216

# B.Sc. Bio-Technology Semester—II

## PUNJABI COMPULSORY

### Paper–BT-6(i)

Time Allowed—3 Hours] [Maximum Marks—50

**ਨੋਟ** : ਸਾਰੇ ਪ੍ਰਸ਼ਨ ਜ਼ਰੂਰੀ ਹਨ।

1. ਹੇਠ ਲਿਖੇ ਨਿਬੰਧਾਂ ਵਿੱਚੋਂ ਕਿਸੇ **ਇੱਕ** ਨਿਬੰਧ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ :

   (ੳ) ਅਚੇਤਨ ਦਾ ਗੁਣ ਤੇ ਸੁਭਾਅ

   (ਅ) ਕੰਪਿਊਟਰ ਅਤੇ ਇੰਟਰਨੈੱਟ 10

2. ਪ੍ਰਿੰਸੀਪਲ ਸੁਜਾਨ ਸਿੰਘ ਦੀ ਕਹਾਣੀ 'ਪਠਾਣ ਦੀ ਧੀ' ਦਾ ਵਿਸ਼ਾ-ਵਸਤੂ ਵਰਣਨ ਕਰੋ। 10

3. ਧਾਤੂ ਅਤੇ ਵਧੇਤਰ ਤੋਂ ਕੀ ਭਾਵ ਹੈ ? ਪੰਜਾਬੀ ਵਿੱਚ ਵਧੇਤਰਾਂ ਦੀ ਵਰਤੋਂ ਤੇ ਨੋਟ ਲਿਖੋ। 10

4. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਤੇ ਪੈਰ੍ਹਾ ਰਚੋ :

   (ੳ) ਜਲ ਪ੍ਰਦੂਸ਼ਣ

   (ਅ) ਭਰੂਣ ਹੱਤਿਆ

   (ੲ) ਪੰਜਾਬ ਦੇ ਮੇਲੇ 5



a2zpapers.com
www.a2zpapers.com
We provide GNDU question papers, PTU question papers, PU question paper

a2zpapers.com

5. ਹੇਠ ਲਿਖਿਆ ਪੈਰ੍ਹਾ ਪੜ੍ਹ ਕੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਢੁਕਵੇ ਉੱਤਰ ਲਿਖੋ :

ਘਰ-ਪਰਿਵਾਰ ਤੋਂ ਇਲਾਵਾ ਸਮਾਜ ਵਿੱਚ ਵਿਚਰਦਿਆਂ ਸਾਡੇ ਕੋਲੋਂ ਅਨੇਕਾਂ ਗ਼ਲਤੀਆਂ ਹੋ ਜਾਂਦੀਆਂ ਹਨ। ਕਈ ਵਾਰ ਛੋਟੀਆਂ-ਛੋਟੀਆਂ ਤਕਰਾਰਾਂ ਵੀ ਹੋ ਜਾਂਦੀਆਂ ਹਨ। ਕੋਈ ਅਜਿਹੀ ਗੱਲ ਜਾਂ ਤਕਰਾਰ ਕਿਸੇ ਦਾ ਦਿਲ ਵੀ ਦੁਖਾ ਦਿੰਦੀ ਹੈ ਅਜਿਹੀ ਗੱਲ ਜਾਂ ਤਕਰਾਰ ਵਰ੍ਹਿਆ ਤੱਕ ਅਣ-ਬਣ ਦਾ ਕਾਰਨ ਬਣੀ ਰਹਿੰਦੀ ਹੈ। ਮੰਨ ਲਓ ਜੇਕਰ ਸਾਡੇ ਕੋਲੋਂ ਅਜਿਹਾ ਕੁਝ ਹੋ ਵੀ ਜਾਂਦਾ ਹੈ ਤਾਂ ਸਾਨੂੰ ਆਪਣੀ ਗ਼ਲਤੀ ਸਵੀਕਾਰ ਕਰ ਲੈਣ ਵਿੱਚ ਕਿਸੇ ਵੀ ਕਿਸਮ ਦੀ ਝਿਜਕ ਨਹੀਂ ਹੋਣੀ ਚਾਹੀਦੀ ਤੇ ਸਾਨੂੰ ਉਸ ਦੀ ਮਾਫ਼ੀ ਮੰਗ ਲੈਣੀ ਚਾਹੀਦੀ ਹੈ। ਗ਼ਲਤੀ ਨੂੰ ਮੰਨਣਾ ਸ਼ਿਸ਼ਟਾਚਾਰ ਦਾ ਇੱਕ ਹਿੱਸਾ ਹੈ। ਕਈ ਵਾਰ ਅਸੀਂ ਗ਼ਲਤੀ ਕਰਨ ਤੋਂ ਬਾਅਦ ਮਾਫ਼ੀ ਮੰਗਣ ਤੋਂ ਇਨਕਾਰੀ ਹੋ ਜਾਂਦੇ ਹਾਂ ਕਿਉਂਕਿ ਅਸੀਂ ਇਸ ਨੂੰ ਆਪਣੀ ਅਣਖ ਨਾਲ ਜੋੜ ਲੈਂਦੇ ਹਾਂ ਦੇਖਿਆ ਜਾਵੇ ਤਾਂ ਮਾਫ਼ੀ ਮੰਗਣ ਨਾਲ ਸਾਡੀ ਅਣਖ ਨਹੀਂ ਘਟਦੀ ਸਗੋਂ ਸਾਡਾ ਵਿਅਕਤਿਤਵ ਉਜਾਗਰ ਹੁੰਦਾ ਹੈ ਅਤੇ ਕਈ ਵਾਰ ਆਉਣ ਵਾਲੀਆਂ ਮੁਸੀਬਤਾਂ ਤੋਂ ਸਾਡਾ ਬਚਾਅ ਵੀ ਹੋ ਸਕਦਾ ਹੈ। ਛੋਟੇ ਮਸਲੇ ਵੱਡੇ ਨਹੀਂ ਬਣਦੇ ਤੇ ਅਸੀਂ ਤਣਾਅ-ਮੁਕਤ ਰਹਿੰਦੇ ਹਾਂ।

1. ਸਮਾਜ ਵਿੱਚ ਵਿਚਰਦਿਆਂ ਕਈ ਵਾਰ ਸਾਡੇ ਕੋਲੋਂ ਕੀ ਹੋ ਜਾਂਦਾ ਹੈ ?
2. ਸਾਨੂੰ ਕਿਸ ਕਿਸਮ ਦੀ ਝਿਜਕ ਨਹੀਂ ਹੋਣੀ ਚਾਹੀਦੀ ?
3. ਕਈ ਵਾਰ ਅਸੀਂ ਗ਼ਲਤੀ ਮੰਨਣ ਤੋਂ ਇਨਕਾਰੀ ਕਿਉਂ ਹੋ ਜਾਂਦੇ ਹਾਂ ?
4. ਗ਼ਲਤੀ ਦੀ ਮਾਫ਼ੀ ਮੰਗਣ ਨਾਲ ਕੀ ਹੁੰਦਾ ਹੈ ?
5. ਆਉਣ ਵਾਲੀਆਂ ਮੁਸੀਬਤਾਂ ਤੋਂ ਸਾਡਾ ਬਚਾਅ ਕਿਵੇਂ ਹੋ ਸਕਦਾ ਹੈ ? 5



a2zpapers.com
www.a2zpapers.com
We provide GNDU question papers, PTU question papers, PU question papers

a2zpapers.com

6. ਹੇਠ ਲਿਖੇ ਮੁਹਾਵਰਿਆਂ ਅਤੇ ਅਖਾਣਾਂ ਵਿਚੋਂ ਕੋਈ **ਪੰਜ** ਮੁਹਾਵਰੇ ਅਤੇ **ਪੰਜ** ਅਖਾਣਾਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਇਹਨਾਂ ਦੇ ਅਰਥ ਸਪੱਸ਼ਟ ਹੋ ਜਾਣ :

(ੳ) ਅੱਖਾਂ ਫੇਰ ਲੈਣਾ, ਅਲਖ ਮੁਕਾਉਣਾ, ਈਨ ਮੰਨਣਾ, ਸੁੱਕਣੇ ਪਾ ਛੱਡਣਾ, ਹੱਥ-ਪੈਰ ਮਾਰਨਾ, ਕੱਚਾ ਕਰਨਾ, ਚਿੱਕੜ ਸੁਟਣਾ, ਡੰਡੇ ਵਜਾਉਣਾ।

(ਅ) ਆਪਣਾ ਨੀਂਗਰ ਪਰਾਇਆ ਢੀਂਗਰ, ਕੰਮ ਪਿਆਰਾ ਹੈ ਚੰਮ ਨਹੀਂ, ਗਊ ਪੁੰਨ ਦੀ ਦੰਦ ਕੌਣ ਗਿਣੇ, ਚੋਰ ਨੂੰ ਨਾ ਮਾਰੋ ਚੋਰ ਦੀ ਮਾਂ ਨੂੰ ਮਾਰੋ, ਜਿਥੇ ਪਈ ਫੁੱਟ ਉੱਥੇ ਪਈ ਲੁੱਟ, ਠੂਹ ਮਾਸੀ ਸ਼ਲਾਮ, ਡੁੱਬੀ ਤਾਂ ਜੇ ਸਾਹ ਨਾ ਆਇਆ, ਮਨ ਹਰਾਮੀ ਹੁੱਜਤਾਂ ਢੇਰ। 5+5=10

a2zpapers.com



a2zpapers.com
www.a2zpapers.com
We provide GNDU question papers, PTU question papers, PU question papers